**Exam. Code : 103206**
**Subject Code : 1167**

## B.A./B.Sc. 6th Semester

## PUNJABI COMPULSORY

Time Allowed—2 Hours] [Maximum Marks—50

**ਨੋਟ :—** ਕੋਈ **ਚਾਰ** ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦੇ ਬਰਾਬਰ ਅੰਕ ਹਨ।

1. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

ਹੋਕਾ ਫਿਰੇ ਦੇਂਦਾ ਪਿੰਡ ਵਿਚ ਸਾਰੇ,
ਆਓ ਕਿਸੇ ਫ਼ਕੀਰ ਜੇ ਹੋਵਣਾ ਜੇ।
ਮੰਗ ਖਾਵਣਾ ਕੰਮ ਨ ਕਾਜ ਕਰਨਾ,
ਨ ਕੁਝ ਚਾਰਨਾ ਤੇ ਨ ਕੁਝ ਚੋਵਣਾ ਜੇ।
ਜ਼ਰਾ ਕੰਨ ਪੜਾਇ ਸੁਆਹ ਮਲਨੀ,
ਗੁਰੂ ਸਾਰੇ ਜਗਤ ਦਾ ਹੋਵਣਾ ਜੇ।
ਨ ਦਿਹਾੜ ਨ ਕਸਬ ਰੁਜ਼ਗਾਰ ਕਰਨਾ,
ਨਾਢੂ ਸ਼ਾਹ ਜਹਾਨ ਦਾ ਹੋਵਣਾ ਜੇ।
ਨਹੀਂ ਦੇਣੀ ਵਧਾਈ ਪੁੱਤ ਜੰਮਣੇ ਦੀ,
ਅਤੇ ਮੋਏ ਨੂ ਕਿਸੇ ਨ ਰੋਵਣਾ ਜੇ।
ਮੰਗ ਖਾਵਣਾ ਅਤੇ ਮਸੀਤ ਸੌਣਾ,
ਨਾ ਕੁਝ ਪਾਵਣਾ ਤੇ ਨਾ ਕੁਝ ਖੋਵਣਾ ਜੇ।
ਨਾਲੇ ਮੰਗਣਾ ਤੇ ਨਾਲੇ ਘੂਰਨਾ ਜੇ,
ਦੇਣਦਾਰ ਨਾ ਕਿਸੇ ਦੇ ਹੋਵਣਾ ਜੇ।
ਖੁਸ਼ੀ ਆਪਣੀ ਉਠਣਾ ਮੀਆਂ ਵਾਰਿਸ,
ਅਤੇ ਆਪਣੀ ਨੀਂਦਰੇ ਸੋਵਣਾ ਜੇ।

2. 'ਤੈਨੂੰ ਰੱਬ ਨਾ ਭੁੱਲੀ' ਕਵਿਤਾ ਦਾ ਸਾਰ ਲਿਖੋ।

3. 'ਧਰਤੀਆਂ ਦੇ ਗੀਤ' ਦੀ ਇਕ ਸਫ਼ਰਨਾਮੇ ਦੇ ਤੌਰ 'ਤੇ ਪਰਖ ਕਰੋ।

4. ਸਫ਼ਰਨਾਮਾ 'ਧਰਤੀਆਂ ਦੇ ਗੀਤ' ਦੇ ਲੇਖਕ ਬਰਜਿੰਦਰ ਸਿੰਘ ਹਮਦਰਦ ਦੇ ਜੀਵਨ ਅਤੇ ਰਚਨਾ ਬਾਰੇ ਚਰਚਾ ਕਰੋ।

5. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਵਿਸ਼ੇ 'ਤੇ ਲੇਖ ਲਿਖੋ :

(ੳ) ਉਚੇਰੀ ਸਿੱਖਿਆ ਵਿਚ ਲਾਇਬ੍ਰੇਰੀ ਦਾ ਮਹੱਤਵ

(ਅ) ਨੌਜਵਾਨਾਂ ਵਿਚ ਵਿਦੇਸ਼ ਜਾਣ ਦਾ ਵੱਧ ਰਿਹਾ ਰੁਝਾਨ

(ੲ) ਵਰਤਮਾਨ ਸਮੇਂ ਵਿਚ ਔਰਤ ਦੀ ਸਥਿਤੀ।

6. ਹੇਠ ਲਿਖੇ ਪੈਰ੍ਹੇ ਦੀ ਸੰਖੇਪ ਰਚਨਾ ਕਰੋ ਅਤੇ ਇਸਦਾ ਢੁੱਕਵਾਂ ਸਿਰਲੇਖ ਦਿਓ :

ਪਿਆਰ ਕੋਈ ਦਿਲ ਪਰਚਾਵਾ ਨਹੀਂ, ਹੁਸਨ ਉਤੇ ਮਾਲਕਾਨਾ ਦਾਅਵਾ ਨਹੀਂ। ਇਹ ਕੋਈ ਬੇ-ਅਟਕ ਐਸ਼ ਨਹੀਂ, ਸਵਰਗਾਂ ਦੀ ਸਦੀਵੀ ਰਿਹਾਇਸ਼ ਨਹੀਂ। ਖਿਨ ਭਰ ਲਈ ਮਨੁੱਖੀ ਦਿਲ ਵਿਚ ਉਸ ਤਾਕਤ ਦਾ ਚਮਤਕਾਰ ਹੈ, ਜਿਹੜੀ ਸਿਤਾਰਿਆਂ ਨੂੰ ਭੁਆਂਦੀ, ਧਰਤੀਆਂ ਉਤੇ ਜੀਵਨ ਧੜਕਾਂਦੀ ਹੈ, ਜਿਦ੍ਹਾਂ ਦਿਲ ਤ੍ਰੇਲ ਤੁਪਕਿਆਂ ਵਾਂਗ ਨੇਕੀ ਬਦੀ ਤੋਂ ਮਾਸੂਮ ਹੈ, ਕਿਰਨਾਂ ਵਾਂਗ ਖਿੜਦਾ ਤੇ ਨਦੀਆਂ ਵਾਂਗ ਨੱਚਦਾ ਹੈ। ਪਿਆਰ ਮਨੁੱਖਾ ਜ਼ਿੰਦਗੀ ਦੀ ਅੰਤਰ-ਯਾਮਤਾ ਹੈ। ਜਿਹਨਾਂ ਡੂੰਘਾਈਆਂ ਤਕ ਅਕਲ ਤੇ ਦਲੀਲ ਪਹੁੰਚ ਨਹੀਂ ਸਕਦੀਆਂ, ਉਹਨਾਂ ਨੂੰ ਇਹ ਇਕੋ ਤਕਣੀ ਨਾਲ ਰੌਸ਼ਨ ਕਰ ਦੇਂਦਾ ਹੈ। ਕੁਝ ਭੀ ਇਹਦੀ ਤਕਣੀ ਸਾਹਮਣੇ ਗੁੱਝਾ ਤੇ ਗੂਹੜ ਨਹੀਂ ਰਹਿ ਜਾਂਦਾ; ਤ੍ਰੇਲ ਤੁਪਕਿਆਂ ਦਾ ਦਿਲ ਸਰਲ ਹੈ, ਬਿਜਲੀ ਦੇ ਗੜ੍ਹਕਦੇ ਦਿਲ ਵਿਚ ਦੋ ਸਿਰਿਆਂ ਦੀ ਮਿਲਨੀ ਦੇ ਖੇੜੇ ਤੋਂ

ਛੁਟ ਹੋਰ ਕੁਝ ਭੀ ਨਹੀਂ। ਪਰ ਝਾਲ ਏਸ ਖੇੜੇ ਦੀ ਬਹੁਤਾ ਚਿਰ ਕੌਣ ਝੱਲੇ! ਕੋਈ ਕੰਢਾ ਭੀ ਪਿਆਰ-ਹੜ੍ਹ ਸਾਹਮਣੇ ਪੱਕਾ ਨਹੀਂ- ਚਟਾਨਾਂ ਇਹਨੂੰ ਥੰਮ੍ਹ ਨਹੀਂ ਸਕਦੀਆਂ। ਏਸ ਲਈ ਸਮੁੰਦਰ ਦੇ ਜਵਾਰ ਭਾਟੇ ਵਾਂਗ ਇਹ ਉਤਰਦਾ ਤੇ ਚੜ੍ਹਦਾ ਹੈ। ਅਕਲਾਂ ਵਾਲੇ ਕਈ ਸਿਆਣੇ ਚੜ੍ਹੇ ਸਾਗਰ ਦੀ ਲਹਿਰ ਬਹਿਰ ਤੇ ਉਤਰੇ ਸਾਗਰ ਦੀ ਬੇ-ਰੌਣਕੀ ਨਾਲੋਂ ਕਿਸੇ ਨਿਰਮਲ ਮਿੱਠੀ ਝੀਲ ਦੇ ਸਦਾ ਸਾਵੇ ਕੰਢਿਆਂ ਨੂੰ ਚੰਗਾ ਮੰਨਦੇ ਹਨ, ਕਿਉਂਕਿ ਇਹਦੇ ਮਿੱਠੇ ਪਾਣੀ ਨਾ ਕੰਢਿਆਂ ਤੋਂ ਟੱਪਦੇ ਤੇ ਨਾ ਹੇਠਾਂ ਲਹਿ ਕੇ ਕੰਢਿਆਂ ਦਾ ਤਿਲਕਵਾਂ ਚਿੱਕੜ ਕਦੇ ਨੰਗਾ ਕਰਦੇ ਹਨ।

7. ਕਿਰਿਆ-ਵਾਕੰਸ਼ 'ਤੇ ਨੋਟ ਲਿਖੋ।

8. ਪੰਜਾਬੀ ਭਾਸ਼ਾ ਦੇ ਲਿੰਗ-ਪ੍ਰਬੰਧ 'ਤੇ ਚਰਚਾ ਕਰੋ।